SCOTTISH CHILDREN'S REPORTER ADMINISTRATION

*ਬੱਚਿਆਂ ਦੀ ਸੁਣਵਾਈ – ਮਾਪਿਆਂ/ਦੇਖਭਾਲ ਕਰਤਾਵਾਂ ਲਈ ਜਾਣਕਾਰੀ*

*ਇਹ ਕਿਤਾਬਚੀ ਵਿਆਖਿਆ ਕਰਦੀ ਹੈ ਕਿ ਕੀ ਹੁੰਦਾ ਹੈ ਜੇ ਤੁਹਾਡੇ ਬੱਚੇ ਨੇ ਇੱਕ ਬੱਚਿਆਂ ਦੀ ਸੁਣਵਾਈ ਤੇ ਜਾਣਾ ਹੋਵੇ।*

*ਸੁਣਵਾਈ ਤਾਂ ਰੱਖੀ ਜਾਂਦੀ ਹੈ ਜੇ ਤੁਹਾਡੇ ਬੱਚੇ ਦੇ ਕਲਿਆਣ ਬਾਰੇ ਚਿੰਤਾਵਾਂ ਹੁੰਦੀਆਂ ਹਨ ਜਾਂ ਜੇ ਉਨ੍ਹਾਂ ਨੇ ਕੋਈ ਅਪਰਾਧ ਕੀਤਾ ਹੈ*

**ਕੀ ਮੈਨੂੰ ਸੁਣਵਾਈ ਤੇ ਹਾਜ਼ਰ ਹੋਣ ਦੀ ਲੋੜ ਹੁੰਦੀ ਹੈ?**

ਹਾਂ, ਇੱਕ ਯੋਗ ਵਿਅਕਤੀ ਵਜੋਂ ਤੁਹਾਡਾ ਅਤੇ ਤੁਹਾਡੇ ਬੱਚੇ ਦਾ ਸੁਣਵਾਈ ਤੇ ਹਾਜ਼ਰ ਹੋਣਾ ਲਾਜ਼ਮੀ ਹੈ। ਕੁਝ ਹਲਾਤਾਂ ਵਿੱਚ, ਪੈਨਲ ਸਦੱਸ ਇਹ ਫੈਸਲਾ ਕਰ ਸਕਦੇ ਹਨ ਕਿ ਤੁਹਾਨੂੰ ਅਤੇ/ਜਾਂ ਤੁਹਾਡੇ ਬੱਚੇ ਨੂੰ ਉਦੋਂ ਤਕ ਹਾਜ਼ਰ ਹੋਣ ਦੀ ਲੋੜ ਨਹੀਂ ਹੁੰਦੀ ਹੈ ਜਦੋਂ ਤਕ ਤੁਸੀਂ ਹਾਜ਼ਰ ਨਹੀਂ ਹੋਣਾ ਚਾਹੁੰਦੇ ਹੋ।

ਇਹ ਆਮ ਤੌਰ ਤੇ ਪੂਰਵ-ਸੁਣਵਾਈ ਦੇ ਪੈਨਲ ਤੇ ਹੁੰਦਾ ਹੈ, ਜਿੱਥੇ ਤੁਹਾਨੂੰ ਹਾਜ਼ਰ ਹੋਣ ਦੀ ਲੋੜ ਨਹੀਂ ਹੁੰਦੀ ਹੈ। ਪਰ, ਇਸ ਦਾ ਸੁਣਵਾਈ ਦੀ ਸ਼ੁਰੂਆਤ ਤੇ ਵੀ ਫੈਸਲਾ ਕੀਤਾ ਜਾ ਸਕਦਾ ਹੈ। ਤੁਸੀਂ ਰਿਪੋਰਟਰ ਨਾਲ ਸੰਪਰਕ ਕਰਨ ਦੁਆਰਾ ਇਹ ਫੈਸਲਾ ਕਰਨ ਲਈ ਪੂਰਵ-ਸੁਣਵਾਈ ਪੈਨਲ ਲਈ ਕਹਿ ਸਕਦੇ ਹੋ।

**ਇੱਕ ਯੋਗ ਵਿਅਕਤੀ ਬਣਨਾ?**

ਮਾਪਿਆਂ ਤੋਂ ਇਲਾਵਾ ਕੁਝ ਵਿਅਕਤੀਆਂ ਨੂੰ ਇੱਕ ਯੋਗ ਵਿਅਕਤੀ ਵਜੋਂ ਵੀ ਜਾਣਿਆ ਜਾ ਸਕਦਾ ਹੈ ਅਤੇ ਉਨ੍ਹਾਂ ਦਾ ਸੁਣਵਾਈ ਤੇ ਹਾਜ਼ਰ ਹੋਣਾ ਲਾਜ਼ਮੀ ਹੈ। ਕੋਈ ਵਿਅਕਤੀ ਇੱਕ ਯੋਗ ਵਿਅਕਤੀ ਹੋਣ ਬਾਰੇ ਵਿਚਾਰ ਕੀਤੇ ਜਾਣ ਲਈ ਕਹਿ ਸਕਦਾ ਹੈ। ਜੇ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਲਗਦਾ ਹੈ ਕਿ ਅਜਿਹਾ ਕੋਈ ਵਿਅਕਤੀ ਹੈ ਜੋ ਕਿ ਇੱਕ ਯੋਗ ਵਿਅਕਤੀ ਹੋਣਾ ਚਾਹੀਦਾ ਹੈ ਤਾਂ ਤੁਸੀਂ ਵੀ ਕਹਿ ਸਕਦੇ ਹੋ। ਇਸ ਦਾ ਪੈਨਲ ਸਦੱਸਾਂ ਦੁਆਰਾ ਪੂਰਵ-ਸੁਣਵਾਈ ਪੈਨਲ ਵਿਖੇ ਫੈਸਲਾ ਕੀਤਾ ਜਾਵੇਗਾ। ਜੇ ਪੈਨਲ ਸਦੱਸਾਂ ਨੂੰ ਲਗਦਾ ਹੈ ਕਿ ਵਿਅਕਤੀ ਨੇ ਤੁਹਾਨੂੰ ਬੱਚੇ ਦੇ ਪਾਲਣ-ਪੋਸ਼ਨ ਵਿੱਚ ਮਹੱਤਵਪੂਰਨ ਸ਼ਮੂਲੀਅਤ ਕੀਤੀ ਹੈ, ਜਾਂ ਹਾਲ ਹੀ ਵਿੱਚ ਕੀਤੀ ਗਈ ਹੈ, ਤਾਂ ਉਹ ਉਸ ਵਿਅਕਤੀ ਨੂੰ 'ਯੋਗ' ਬਣਾਉਣਗੇ। ਜੇ ਤੁਸੀਂ ਉਸ ਫੈਸਲੇ ਦੇ ਨਾਲ ਰਾਜ਼ੀ ਨਹੀਂ ਹੁੰਦੇ ਹੋ ਜੋ ਪੈਨਲ ਸਦੱਸ ਇਸ ਬਾਰੇ ਕਰਦੇ ਹਨ, ਤਾਂ ਤੁਸੀਂ ਇਸ ਦੀ ਅਪੀਲ ਕਰ ਸਕਦੇ ਹੋ।

**ਉੱਥੇ ਹੋਰ ਕੌਣ ਮੌਜੂਦ ਹੋਵੇਗਾ?**

ਤੁਹਾਡੇ ਅਤੇ ਤੁਹਾਡੇ ਬੱਚੇ ਅਤੇ ਕੋਈ ਵੀ ਹੋਰ ਯੋਗ ਵਿਅਕਤੀਆਂ ਦੇ ਨਾਲ-ਨਾਲ, ਸੁਣਵਾਈ ਤੇ ਹੋਰ ਲੋਕ ਵੀ ਮੌਜੂਦ ਹੋਣਗੇ। ਉੱਥੇ ਤਿੰਨ ਪੈਨਲ ਸਦੱਸ ਮੌਜੂਦ ਹੋਣਗੇ ਜੋ ਸਥਾਨਕ ਸਮੁਦਾਏ ਵਲੋਂ ਖਾਸ ਤੌਰ ਤੇ ਸਿੱਖਿਅਤ ਸਵੈਸੇਵਕ ਹੁੰਦੇ ਹਨ।

ਪੈਨਲ ਸਦੱਸ ਇਸ ਬਾਰੇ ਅੰਤਿਮ ਫੈਸਲਾ ਕਰਣਗੇ ਕਿ ਕੀ ਹੋਣਾ ਚਾਹੀਦਾ ਹੈ। ਉਹ ਕੋਈ ਵੀ ਫੈਸਲਾ ਕਰਨ ਤੋਂ ਪਹਿਲਾਂ ਸਥਾਨਕ ਅਧਿਕਾਰੀ ਤੋਂ ਰਿਪੋਰਟਾਂ ਪ੍ਰਾਪਤ ਕਰਦੇ ਹਨ ਅਤੇ ਸੁਣਵਾਈ ਤੇ ਹਰੇਕ ਵਿਅਕਤੀ ਦੇ ਵਿਚਾਰਾਂ ਨੂੰ ਸੁਣਦੇ ਹਨ। ਉਨ੍ਹਾਂ ਵਿੱਚੋਂ ਇੱਕ ਪੈਨਲ ਸਦੱਸ ਸੁਣਵਾਈ ਦਾ ਸੰਚਾਲਨ ਕਰੇਗਾ।



ਬੱਚਿਆਂ ਦਾ ਰਿਪੋਰਟਰ ਸੁਣਵਾਈ ਤੇ ਮੌਜੂਦ ਹੁੰਦਾ ਹੈ। ਉਨ੍ਹਾਂ ਦੀ ਭੂਮਿਕਾ ਇਹ ਯਕੀਨੀ ਬਣਾਉਣਾ ਹੈ ਕਿ ਉੱਚਿਤ ਪਰਕਿਰਿਆ ਦੀ ਪਾਲਣਾ ਕੀਤੀ ਜਾਵੇ ਅਤੇ ਉਸ ਫੈਸਲੇ ਨੂੰ ਰਿਕਾਰਡ ਕਰਨਾ ਹੈ ਜੋ ਪੈਨਲ ਸਦੱਸ ਕਰਦੇ ਹਨ।

ਇੱਕ ਸਮਾਜਕ ਕਾਰਜਕਰਤਾ ਤੁਹਾਡੇ ਬੱਚੇ ਦੇ ਜੀਵਨ ਵਿੱਚ ਸ਼ਾਮਲ ਹੋਰ ਪੇਸ਼ੇਵਰਾਂ, ਉਦਾਹਰਣ ਲਈ, ਇੱਕ ਸਿੱਖਿਅਕ, ਨੂੰ ਵੀ ਸੁਣਵਾਈ ਤੇ ਹਾਜ਼ਰ ਹੋਣ ਲਈ ਸੱਦਾ ਦਿੱਤਾ ਜਾ ਸਕਦਾ ਹੈ।

**ਸੁਣਵਾਈ ਤੇ ਕੀ ਹੋਵੇਗਾ?**

ਪਹਿਲੀ ਸੁਣਵਾਈ ਤੇ, ਤੁਹਾਡੇ ਬੱਚੇ ਨੂੰ ਸੁਣਵਾਈ ਤੇ ਭੇਜੇ ਜਾਣ ਲਈ ਕਾਰਨਾਂ (ਬੁਨਿਆਦੀ ਗੱਲਾਂ ਦਾ ਬਿਆਨ) ਨੂੰ ਪੈਨਲ ਸਦੱਸ ਦੁਆਰਾ ਪੜ ਕੇ ਸੁਣਾਇਆ ਜਾਵੇਗਾ ਜੋ ਕਿ ਸੁਣਵਾਈ ਦਾ ਸੰਚਾਲਨ ਕਰ ਰਿਹਾ ਹੈ। ਤੁਹਾਨੂੰ, ਤੁਹਾਡੇ ਬੱਚੇ ਅਤੇ ਕੋਈ ਵੀ ਹੋਰ ਯੋਗ ਵਿਅਕਤੀਆਂ ਨੂੰ ਪੁੱਛਿਆ ਜਾਵੇਗਾ ਕਿ ਤੁਸੀਂ ਉਨ੍ਹਾਂ ਦੇ ਨਾਲ ਰਾਜ਼ੀ ਹੋ ਜਾਂ ਨਹੀਂ।

ਜੇ ਕੋਈ ਵਿਅਕਤੀ ਰਾਜ਼ੀ ਨਹੀਂ ਹੁੰਦਾ ਹੈ ਜਾਂ ਉਹ ਬੁਨਿਆਦੀ ਗੱਲਾਂ ਦੇ ਬਿਆਨ ਨੂੰ ਸਮਝ ਨਹੀਂ ਸਕਦਾ ਹੈ, ਤਾਂ ਪੈਨਲ ਸਦੱਸ ਅੰਤਿਮ ਫੈਸਲਾ ਨਹੀਂ ਕਰ ਸਕਦੇ ਹਨ। ਉਨ੍ਹਾਂ ਕੋਲ ਫੇਰ ਰੇਫਰਲ ਨੂੰ ਛੱਡ ਦੇਣ ਦਾ ਵਿਕਲਪ ਹੁੰਦਾ ਹੈ (ਇਹ ਮਸਲੇ ਦਾ ਅੰਤ ਹੋਵੇਗਾ) ਜਾਂ ਇਸ ਨੂੰ ਸ਼ੇਰਿਫ ਅਦਾਲਤ ਵਿਖੇ ਸ਼ੇਰਿਫ ਦੁਆਰਾ ਫੈਸਲਾ ਕਰਨ ਲਈ ਭੇਜਣ ਦਾ ਵਿਕਲਪ ਹੁੰਦਾ ਹੈ ਜੇ ਬੁਨਿਆਦੀ ਗੱਲਾਂ ਦਾ ਬਿਆਨ ਸਹੀ ਹੈ।

ਉਸ ਸਮੇਂ ਦੇ ਦੌਰਾਨ ਜੇ ਤੁਹਾਨੂੰ ਲਗਦਾ ਹੈ ਕਿ ਇਹ ਜ਼ਰੂਰੀ ਹੈ, ਤਾਂ ਉਹ ਅੰਤਰਿਮ ਲਾਜ਼ਮੀ ਨਿਗਰਾਨੀ ਦੇ ਆਦੇਸ਼ ਨੂੰ ਉਸ ਦੀ ਥਾਂ ਦੇ ਸਕਦੇ ਹਨ। ਇਹ ਆਦੇਸ਼ ਇਸ ਦਾ ਨਵੀਨੀਕਰਨ ਕੀਤੇ ਜਾਣ ਦੀ ਲੋੜ ਹੋਣ ਤੋਂ ਪਹਿਲਾਂ ਥੋੜੇ ਸਮੇਂ ਲਈ ਚਲਦਾ ਹੈ ਅਤੇ ਇਸ ਤੋਂ ਇਹ ਭਾਵ ਹੁੰਦਾ ਹੈ ਕਿ ਸਥਾਨਕ ਅਧਿਕਾਰੀ ਨੂੰ ਅਸਥਾਈ ਅਧਾਰ ਤੇ ਤੁਹਾਡੇ ਬੱਚੇ ਦੇ ਜੀਵਨ ਵਿੱਚ ਸ਼ਾਮਲ ਕੀਤਾ ਜਾਣਾ ਲਾਜ਼ਮੀ ਹੈ। ਜੇ ਸੁਣਵਾਈ ਇਸ ਦਾ ਨਿਰਮਾਣ ਕਰਦੀ ਹੈ ਅਤੇ/ਜਾਂ ਬੁਨਿਆਦੀ ਗੱਲਾਂ ਦੇ ਬਿਆਨ ਨੂੰ ਅਦਾਲਤ ਵਿੱਚ ਭੇਜਦੀ ਹੈ, ਤਾਂ ਪੈਨਲ ਸਦੱਸ ਇਸ ਦੀ ਵਿਆਖਿਆ ਕਰਣਗੇ ਕਿ ਇਸ ਦਾ ਤੁਹਾਡੇ ਅਤੇ ਤੁਹਾਡੇ ਬੱਚੇ ਲਈ ਕੀ ਭਾਵ ਹੁੰਦਾ ਹੈ।

**ਕਿਹੜੇ ਫੈਸਲਿਆਂ ਨੂੰ ਕੀਤਾ ਜਾ ਸਕਦਾ ਹੈ?**

ਜੇ ਹਰ ਕੋਈ ਬੁਨਿਆਦੀ ਗੱਲਾਂ ਦੇ ਬਿਆਨ ਦੇ ਨਾਲ ਰਾਜ਼ੀ ਹੁੰਦਾ ਹੈ ਅਤੇ ਇਸ ਨੂੰ ਸਮਝਦਾ ਹੈ, ਤਾਂ ਫੇਰ ਪੈਨਲ ਸਦੱਸ ਰਿਪੋਰਟਾਂ ਤੇ ਚਰਚਾ ਕਰਨ ਲਈ ਅੱਗੇ ਵਧ ਸਕਦੇ ਹਨ, ਸੁਣਵਾਈ ਤੇ ਹਰੇਕ ਦੀ ਗੱਲ ਸੁਣ ਸਕਦੇ ਹਨ ਅਤੇ ਤੁਹਾਡੇ ਬੱਚੇ ਦੇ ਸਭ ਤੋਂ ਵਧੀਆ ਹਿੱਤਾਂ ਵਿੱਚ ਫੈਸਲਾ ਕਰ ਸਕਦੇ ਹਨ। ਉਨ੍ਹਾਂ ਦਾ ਇਹ ਫੈਸਲਾ ਕਰਨ ਤੋਂ ਪਹਿਲਾਂ ਤੁਹਾਡੇ ਬੱਚੇ, ਤੁਹਾਡੇ ਅਤੇ ਕੋਈ ਵੀ ਹੋਰ ਯੋਗ ਵਿਅਕਤੀ ਦੇ ਵਿਚਾਰਾਂ ਤੇ ਧਿਆਨ ਦੇਣਾ ਲਾਜ਼ਮੀ ਹੈ।

ਜੇ ਪੈਨਲ ਸਦੱਸ ਮਹਿਸੂਸ ਕਰਦੇ ਹਨ ਕਿ ਕਨੂੰਨੀ ਦਖਲ-ਅੰਦਾਜ਼ੀ ਦੀ ਰਸਮੀ ਅਧਾਰ ਤੇ ਲੋੜ ਹੈ, ਤਾਂ ਉਹ ਤੁਹਾਡੇ ਬੱਚੇ ਨੂੰ ਲਾਜ਼ਮੀ ਨਿਗਰਾਨੀ ਦੇ ਆਦੇਸ਼ ਦੇ ਤਹਿਤ ਕਰਣਗੇ। ਇਸ ਆਦੇਸ਼ ਵਿੱਚ ਅਜਿਹੇ ਉਪਾਅ ਸ਼ਾਮਲ ਹੋ ਸਕਦੇ ਹਨ ਜੋ ਤੁਹਾਡੇ ਬੱਚੇ ਨੂੰ ਪ੍ਰਭਾਵਿਤ ਕਰਦੇ ਹਨ, ਜਿਵੇਂ ਕਿ ਉਹ ਕਿੱਥੇ ਰਹਿੰਦੇ ਹਨ ਜਾਂ ਸੰਪਰਕ ਦਾ ਉਹ ਪੱਧਰ ਜੋ ਉਨ੍ਹਾਂ ਦਾ ਕਿਸੇ ਖਾਸ ਵਿਅਕਤੀ ਦੇ ਨਾਲ ਹੈ।

ਪੈਨਲ ਸਦੱਸ ਉਨ੍ਹਾਂ ਦੇ ਫੈਸਲੇ ਅਤੇ ਉਨ੍ਹਾਂ ਕੋਈ ਵੀ ਉਪਾਆਂ ਲਈ ਜੋ ਉਹ ਸੁਣਵਾਈ ਦੇ ਅੰਤ ਤੇ ਕਰਦੇ ਹਨ, ਕਾਰਨ ਪ੍ਰਦਾਨ ਕਰਣਗੇ। ਤੁਹਾਨੂੰ ਇਨ੍ਹਾਂ ਕਾਰਨਾਂ ਅਤੇ ਲਾਜ਼ਮੀ ਨਿਗਰਾਨੀ ਦੇ ਆਦੇਸ਼ ਦੀ ਇੱਕ ਨਕਲ ਭੇਜੀ ਜਾਵੇਗੀ।

**ਤੁਹਾਡੇ ਅਧਿਕਾਰ**

ਤੁਹਾਡੇ, ਤੁਹਾਡੇ ਬੱਚੇ ਅਤੇ ਕੋਈ ਵੀ ਹੋਰ ਯੋਗ ਵਿਅਕਤੀ ਕੋਲ ਹੇਠਾਂ ਦਿੱਤੇ ਅਧਿਕਾਰ ਹਨ:

- ਪੂਰਵ-ਸੁਣਵਾਈ ਪੈਨਲ ਦੀ ਬੇਨਤੀ ਕਰਨ ਲਈ।
- ਸੁਣਵਾਈ ਤੇ ਕਿਸੇ ਨੁਮਾਇੰਦੇ ਨੂੰ ਨਾਲ ਲਿਆਉਣ ਲਈ। ਇਹ ਉਦਾਹਰਣ ਲਈ, ਕੋਈ ਵਕੀਲ, ਐਡਵੋਕੇਟ ਜਾਂ ਦੋਸਤ ਹੋ ਸਕਦਾ ਹੈ।
- ਪੈਨਲ ਸਦੱਸਾਂ ਦੁਆਰਾ ਵਿਚਾਰ ਕੀਤੇ ਜਾਣ ਲਈ ਰਿਪੋਰਟ ਅੰਦਰ ਭੇਜਣ ਲਈ। ਇਹ ਸੁਣਵਾਈ ਤੋਂ ਘੱਟੋ-ਘੱਟ ਚਾਰ ਦਿਨ ਪਹਿਲਾਂ ਰਿਪੋਰਟਰ ਦੇ ਦਫਤਰ ਵਿਖੇ ਭੇਜੀ ਜਾਣੀ ਚਾਹੀਦੀ ਹੈ ਜੇ ਸੰਭਵ ਹੋਵੇ।
- ਵਿਅਕਤੀ ਨੂੰ ਇੱਕ ਯੋਗ ਵਿਅਕਤੀ ਬਣਾਉਣ ਬਾਰੇ ਅੰਤਰਿਮ ਲਾਜ਼ਮੀ ਨਿਗਰਾਨੀ ਦੇ ਆਦੇਸ਼, ਜਾਂ ਲਾਜ਼ਮੀ ਨਿਗਰਾਨੀ ਦੇ ਆਦੇਸ਼, ਜਾਂ ਪੂਰਵ-ਸੁਣਵਾਈ ਪੈਨਲ ਦੇ ਫੈਸਲੇ ਨੂੰ ਹਰਕਤ ਵਿੱਚ ਲਿਆਉਣ ਲਈ ਫੈਸਲੇ ਦੀ ਅਪੀਲ ਕਰਨ ਲਈ।

**ਵਧੇਰੀ ਜਾਣਕਾਰੀ?**

ਵਧੇਰੀ ਜਾਣਕਾਰੀ ਲਈ ਸਾਡੀ ਵੈੱਬਸਾਇਟ **www.scra.gov.uk** ਤੇ ਜਾਓ।
ਆਮ ਤੌਰ ਤੇ ਪੁੱਛੇ ਜਾਣ ਵਾਲੇ ਸੁਆਲਾਂ ਸਮੇਤ ਮਾਪਿਆਂ/ਦੇਖਭਾਲ ਕਰਨ ਵਾਲਿਆਂ ਲਈ ਇੱਕ ਖੰਡ ਉਪਲਬਧ ਹੈ। ਖਾਸ ਤੌਰ ਤੇ ਬੱਚਿਆਂ ਅਤੇ ਛੋਟੀ ਉਮਰ ਦੇ ਲੋਕਾਂ ਲਈ ਕਿਤਾਬਚੀਆਂ ਵੀ ਉਪਲਬਧ ਹਨ।

ਸਕੌਟਿਸ਼ ਚਾਇਲਡ ਲਾਅ ਸੈਂਟਰ (ਸਕੌਟਿਸ਼ ਬੱਚੇ ਦੇ ਕਨੂੰਨ ਦਾ ਕੇਂਦਰ) ਬੱਚਿਆਂ, ਛੋਟੀ ਉਮਰ ਦੇ ਲੋਕਾਂ ਅਤੇ ਉਨ੍ਹਾਂ ਦੇ ਮਾਪਿਆਂ/ਦੇਖਭਾਲ ਕਰਨ ਵਾਲਿਆਂ ਨੂੰ ਮੁਫਤ ਕਨੂੰਨੀ ਸਲਾਹ ਪ੍ਰਦਾਨ ਕਰਦਾ ਹੈ। ਤੁਸੀਂ **0300 330 1421** ਤੇ 21ਐੱਸ ਮੋਬਾਇਲ ਫ੍ਰੀਫੋਨ ਦੇ ਤਹਿਤ ਜਾਂ ਸਲਾਹ ਲਾਇਨ **0131 667 6333** ਤੇ ਸੰਪਰਕ ਕਰ ਸਕਦੇ ਹੋ, **enquiries@sclc.org.uk** ਤੇ ਈ-ਮੇਲ ਕਰ ਸਕਦੇ ਹੋ ਜਾਂ **www.sclc.org.uk** ਤੇ ਉਨ੍ਹਾਂ ਦੀ ਵੈੱਬਸਾਇਟ ਤੇ ਜਾ ਸਕਦੇ ਹੋ।

ਜੇ ਤੁਹਾਨੂੰ ਲਗਦਾ ਹੈ ਕਿ ਤੁਹਾਨੂੰ ਆਪਣੀ ਮਦਦ ਕਰਨ ਲਈ ਕਿਸੇ ਵਕੀਲ ਦੀ ਲੋੜ ਪੈ ਸਕਦੀ ਹੈ, ਤਾਂ ਤੁਹਾਨੂੰ ਜਿੰਨੀ ਛੇਤੀ ਸੰਭਵ ਹੋ ਸਕੇ ਕਿਸੇ ਵਕੀਲ ਨਾਲ ਗੱਲ ਕਰਨੀ ਚਾਹੀਦੀ ਹੈ। ਤੁਸੀਂ ਆਪਣੇ ਖੇਤਰ ਵਿੱਚ ਵਕੀਲ ਦਾ ਨਾਂ ਪ੍ਰਾਪਤ ਕਰਨ ਲਈ ਸਕੌਟਿਸ਼ ਲੀਗਲ ਏਡ ਬੋਰਡ ਵੈੱਬਸਾਇਟ **www.slab.org.uk** ਦੀ ਜਾਂਚ ਜਾਂ **0845 122 8686** ਤੇ ਕਾਲ ਕਰ ਸਕਦੇ ਹੋ।

ਤੁਸੀਂ ਰਿਪੋਰਟਰ ਨਾਲ ਵੀ ਗੱਲ ਕਰ ਸਕਦੇ ਹੋ। ਉਨ੍ਹਾਂ ਦਾ ਨਾਂ ਅਤੇ ਸੰਪਰਕ ਵੇਰਵੇ ਸੁਣਵਾਈ ਦੀ ਮਿਤੀ ਬਾਰੇ ਤੁਹਾਨੂੰ ਦੱਸਣ ਲਈ ਭੇਜੇ ਗਏ ਪੱਤਰ ਵਿੱਚ ਹੋਣਗੇ।

*ਐੱਸਸੀਆਰਏ ਦੁਆਰਾ ਪੇਸ਼ਕਸ਼ ਕੀਤੀ ਗਈ*

*ਨਵੰਬਰ 2013*